**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ, ਐਸ.ਏ.ਐਸ. ਨਗਰ**
**ਚੌਥੀ ਮੰਜਿਲ, ਈ-ਬਲਾਕ, ਕੰਪ. ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ**
**(ਕੋਆਰਡੀਨੇਸ਼ਨ ਸ਼ਾਖਾ)**

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ)
ਪੰਜਾਬ।

ਮੀਮੋ ਨੰ: 15/1-2019 ਕੋ (1)/357019
ਮਿਤੀ: 17.10.2019

**ਵਿਸ਼ਾ:** **ਸਰਕਾਰੀ ਅਧਿਕਾਰੀਆਂ ਵੱਲੋਂ ਕੈਂਪ ਆਫਿਸ ਦੀ ਬਜਾਏ ਆਪਣੇ ਦਫਤਰਾਂ ਵਿੱਚ ਹੀ ਕੰਮ ਕਰਨ ਅਤੇ ਬਿਨ੍ਹਾਂ ਪ੍ਰਵਾਨਗੀ ਦੇ ਹੈਂਡਕੁਆਰਟਰ ਛੱਡਣ ਸਬੰਧੀ ਹਦਾਇਤਾਂ।**

ਹਵਾਲਾ: ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ (ਆਈ.ਏ.ਐਸ. ਸ਼ਾਖਾ) ਦਾ ਪੱਤਰ ਨੰ: ਪੀ.ਆਰ.ਐਸ./ਆਈ.ਏ.ਐਸ./ਸੀ.ਅਸਿਸ.9/2014-ਈ137/ 1578836/1 ਮਿਤੀ 19.09.2019.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ

17.10.19
ਸਹਾਇਕ ਡਾਇਰੈਕਟਰ (ਕੋ.ਸ਼ਾਖਾ)

ਪਿੱਠ.ਅੰ.ਨੰ: ਉਕਤ

ਮਿਤੀ 17.10.2019

1. ਉਤਾਰਾ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਸਮੂਹ ਅਧਿਕਾਰੀ /ਸ਼ਾਖਾ ਮੁੱਖੀਆਂ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ।
2. ਇਹ ਹਦਾਇਤਾ ਵਿਭਾਗ ਦੀ ਵੈਬਸਾਈਟ www.ssapunjab.org ਤੇ ਵੀ ਉਪਲਬੱਧ ਹਨ

17.10.19
ਸਹਾਇਕ ਡਾਇਰੈਕਟਰ (ਕੋ.ਸ਼ਾਖਾ)

**ਪੰਜਾਬ ਸਰਕਾਰ**
**ਪ੍ਰਸੋਨਲ ਵਿਭਾਗ**
**(ਆਈ.ਏ.ਐਸ. ਸ਼ਾਖਾ)**

219817 ਮਿਤੀ
03/10/19

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਡਿਵੀਜ਼ਨਲ ਕਮਿਸ਼ਨਰਜ਼
ਅਤੇ ਡਿਪਟੀ ਕਮਿਸ਼ਨਰਜ਼।

ਮੀਮੋ ਨੰ: ਪੀ.ਆਰ.ਐਸ./ਆਈ.ਏ.ਐਸ./ਸੀ.ਅਸਿਸ.9/2014-ਈ137/ 1578836/1
ਮਿਤੀ, ਚੰਡੀਗੜ੍ਹ 19/9/19

ਵਿਸ਼ਾ:- **ਸਰਕਾਰੀ ਅਧਿਕਾਰੀਆਂ ਵਲੋਂ ਕੈਂਪ ਆਫਿਸ ਦੀ ਬਜਾਏ ਆਪਣੇ ਦਫਤਰਾਂ ਵਿਚ ਹੀ ਕੰਮ ਕਰਨ ਅਤੇ ਬਿਨਾਂ ਪ੍ਰਵਾਨਗੀ ਦੇ ਹੈੱਡਕੁਆਟਰ ਛੱਡਣ ਸਬੰਧੀ ਹਦਾਇਤਾਂ।**

***********

ਉਪਰੋਕਤ ਵਿਸ਼ੇ ਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਆਮ ਰਾਜ ਪ੍ਰਬੰਧ ਵਿਭਾਗ ਦੇ ਅੰ:ਵਿ:ਪੱ:ਨੰ:12/64/2014/ਜੀਸੀ(5)/6727-6728, ਮਿਤੀ 27.05.2014 ਅਤੇ ਇਸ ਵਿਭਾਗ ਦੇ ਪੱ: ਨੰ: ਪੀ.ਆਰ.ਐਸ./ਆਈ.ਏ.ਐਸ./ਸੀ.ਅਸਿਸ.9/2014-ਈ137/265428/1-22 ਮਿਤੀ 11.07.2014, ਮਿਤੀ 02.12.2014 ਅਤੇ ਨੰ:1132 ਮਿਤੀ 24.04.2017 ਦੀ ਲਗਾਤਾਰਤਾ ਵਿੱਚ।

2. ਜਨਤਕ ਹਿੱਤ ਨੂੰ ਮੁੱਖ ਰੱਖਦੇ ਹੋਏ ਸਰਕਾਰ ਵਲੋਂ ਵਿਸ਼ਾ ਅੰਕਿਤ ਮਾਮਲੇ ਸਬੰਧੀ ਹਵਾਲਾ ਅਧੀਨ ਪੱਤਰਾ ਰਾਹੀਂ ਸਰਕਾਰੀ ਅਧਿਕਾਰੀਆਂ ਵਲੋਂ ਕੈਂਪ ਆਫਿਸ ਦੀ ਬਜਾਏ ਆਪਣੇ ਦਫਤਰਾ ਵਿਚ ਹੀ ਕੰਮ ਕਰਨ ਅਤੇ ਬਿਨਾ ਪ੍ਰਵਾਨਗੀ ਦੇ ਹੈਡਕੁਆਟਰ ਨਾ ਛੱਡਣ ਬਾਰੇ ਹਦਾਇਤਾਂ ਕੀਤੀਆ ਜਾਦੀਆ ਰਹੀਆ ਹਨ।

3. ਆਮ ਜਨਤਾ ਦੀ ਸੁਵਿਧਾ ਨੂੰ ਮੁੱਖ ਰਖਦੇ ਹੋਏ ਸਮੂਹ ਜਿਲ੍ਹਾ/ਸਬ-ਡਵੀਜਨਾ ਦੇ ਦਫਤਰਾਂ ਵਿਖੇ ਤੈਨਾਤ ਅਧਿਕਾਰੀਆਂ ਵਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਹਰ ਬੁੱਧਵਾਰ ਦੇ ਦਿਨ ਸਵੇਰੇ 11:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਆਮ ਜਨਤਾ ਨੂੰ ਮਿਲਣ ਹਿੱਤ ਆਪਣੇ ਦਫਤਰ ਵਿਚ ਬੈਠਣ। ਇਸ ਸਮੇਂ ਦੌਰਾਨ ਹੋਰ ਕਈ ਮੀਟਿੰਗ ਆਯੋਜਿਤ ਨਹੀਂ ਕੀਤੀ ਜਾਵੇਗੀ, ਨਾ ਹੀ ਅਫਸਰ ਕਿਸੇ ਦੌਰੇ ਤੇ ਆਪਣੇ ਦਫਤਰ ਨੂੰ ਛੱਡ ਕੇ ਜਾਣਗੇ। ਇਨਾਂ ਹਦਾਇਤਾਂ ਦੀ ਇਨ-ਬਿਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

4. ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਦਾ ਹੈ।

**ਵਧੀਕ ਸਕੱਤਰ, ਪ੍ਰਸੋਨਲ**

ਉਪਰੋਕਤ ਦਾ ਉਤਾਰਾ ਪੰਜਾਬ ਰਾਜ ਦੇ ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ, ਪ੍ਰਬੰਧਕੀ ਸਕੱਤਰਾਂ ਅਤੇ ਵਿਭਾਗਾਂ ਦੇ ਮੁਖੀਆਂ ਨੂੰ ਇਸ ਵਿਭਾਗ ਦੇ ਪੱਤਰ ਨੰ:1613 ਮਿਤੀ 15.05.2018 ਦੇ ਹਵਾਲੇ ਵਿਚ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪ ਵਲੋਂ ਫੀਲਡ ਵਿਚ ਤੈਨਾਤ ਅਧਿਕਾਰੀਆਂ

ਨਾਲ ਬੁਧਵਾਰ ਵਾਲੇ ਦਿਨ ਚੰਡੀਗੜ੍ਹ ਵਿਖੇ ਕੋਈ ਮੀਟਿੰਗ ਨਿਰਧਾਰਤ/ਫਿਕਸ ਨਾ ਕੀਤੀ ਜਾਵੇ ਅਤੇ ਜਿਥੋਂ ਤੱਕ ਹੋ ਸਕੇ ਡਿਪਟੀ ਕਮਿਸ਼ਨਰਾਂ ਨਾਲ ਕੀਤੀਆ ਜਾਣ ਵਾਲੀਆ. ਮੀਟਿੰਗਾਂ ਨੂੰ ਵੀਡਿਓ ਕਾਨਫਰੰਸ ਰਾਹੀਂ ਕਰਨ ਦੀ ਵੱਧ ਤੋਂ ਵੱਧ ਕੋਸ਼ਿਸ਼ ਕੀਤੀ ਜਾਵੇ ਜੀ।

**ਵਧੀਕ ਸਕੱਤਰ, ਪ੍ਰਸੋਨਲ**

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਸ਼ੇਸ਼ ਮੁੱਖ ਸਕੱਤਰ,
ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ, ਪ੍ਰਬੰਧਕੀ ਸਕੱਤਰ ਅਤੇ ਵਿਭਾਗਾਂ ਦੇ ਮੁੱਖੀ।

ਅੰ:ਵਿ:ਪੰ:ਨੰ:/ ਪੀ.ਆਰ.ਐਸ./ਆਈ.ਏ.ਐਸ./ਸੀ.ਅਸਿਸ.9/2014-ਈ137/ 1578836/2 ਮਿਤੀ, ਚੰਡੀਗੜ੍ਹ 19/9/19.